**ਆਈ. ਸੀ. ਏ. ਆਰ. - ਕੇਂਦਰੀ ਕਪਾਹ ਖ਼ੋਜ ਸੰਸਥਾ, ਨਾਗਪੁਰ**

**ਨਰਮੇਂ - ਕਪਾਹ ਦੀ ਕਾਸ਼ਤ ਲਈ ਤੀਜੀ ਹਫ਼ਤਾਵਾਰੀ ਸਲਾਹ** (25 **ਜੂਨ ਤੋਂ** 01 **ਜੁਲਾਈ**, 2026 **ਤੱਕ**)

**ੳ. ਮਿੱਟੀ ਦੀ ਸਿਹਤ, ਖ਼ੁਰਾਕੀ ਤੱਤਾਂ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਬਾਰੇ ਆਮ ਜਾਣਕਾਰੀ:**

ਨਰਮੇਂ-ਕਪਾਹ ਦੀ ਵਧੀਆ ਪੈਦਾਵਾਰ ਸੰਤੁਲਿਤ ਖ਼ੁਰਾਕ, ਜਲ ਪ੍ਰਬੰਧਨ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਸਰਗਰਮ ਨਿਗਰਾਨੀ-ਆਧਾਰਿਤ ਪ੍ਰਬੰਧਨ ਤੇ ਨਿਰਭਰ ਕਰਦੀ ਹੈ। ਏਕੀਕ੍ਰਿਤ ਫ਼ਸਲ ਪ੍ਰਬੰਧਨ ਦੀਆਂ ਤਕਨੀਕਾਂ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਕਰਕੇ ਬੂਟਿਆਂ ਦਾ ਵਧੀਆ ਵਿਕਾਸ ਹੁੰਦਾ ਹੈ, ਖ਼ਰਚਾ ਘੱਟ ਹੁੰਦਾ ਹੈ ਅਤੇ ਇਹ ਫ਼ਸਲਾਂ ਨੂੰ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਂਦਾ ਹੈ।

**ਮਿੱਟੀ ਦੀ ਸਿਹਤ ਅਤੇ ਏਕੀਕ੍ਰਿਤ ਖ਼ੁਰਾਕੀ ਤੱਤ ਪ੍ਰਬੰਧਨ:**

- **ਵੱਢੇ ਖ਼ੁਰਾਕੀ ਤੱਤਾਂ ਦੀ ਸੰਤੁਲਿਤ ਵਰਤੋਂ:** ਫ਼ਸਲ ਬਿਜਾਈ ਤੋਂ ਪਹਿਲਾਂ ਮਿੱਟੀ ਪਰਖ਼ ਦੇ ਅਧਾਰ ਤੇ ਰਸਾਇਣਿਕ ਖ਼ਾਦਾਂ ਦੀ ਸੰਤੁਲਿਤ ਵਰਤੋਂ ਕਰਕੇ, ਰੂੜੀ ਅਤੇ ਹਰੀ ਖ਼ਾਦ ਪਾ ਕੇ ਅਤੇ ਢੁਕਵਾਂ ਫ਼ਸਲ ਚੱਕਰ ਆਪਣਾ ਕੇ ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰੋ।

- **ਸੂਖ਼ਮ ਖ਼ੁਰਾਕੀ ਤੱਤਾਂ ਦੀ ਵਰਤੋਂ:** ਫ਼ਸਲ ਦੀ ਜ਼ਰੂਰਤ ਦੇ ਹਿਸਾਬ ਨਾਲ ਸੂਖ਼ਮ ਖ਼ੁਰਾਕੀ ਤੱਤਾਂ (ਜ਼ਿੰਕ, ਬੋਰੋਨ ਅਤੇ ਮੈਂਗਨੀਜ਼ ਆਦਿ) ਦੀ ਘਾਟ ਨੂੰ ਛਿੜਕਾਅ ਕਰਕੇ ਪੂਰਾ ਕਰੋ।

**ਏਕੀਕ੍ਰਿਤ ਬਿਮਾਰੀ ਪ੍ਰਬੰਧਨ:**

- **ਫ਼ਸਲ ਨੂੰ ਬਿਮਾਰੀ ਲੱਗਣ ਤੋਂ ਬਚਾਅ:** ਮਿੱਟੀ ਵਿੱਚੋਂ ਅਤੇ ਪੱਤਿਆਂ ਤੇ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਜੈਵਿਕ ਖ਼ਾਦਾਂ, ਜੈਵਿਕ ਕੀਟਨਾਸ਼ਕਾਂ ਅਤੇ ਜੈਵਿਕ ਉੱਲੀਨਾਸ਼ਕਾਂ ਨਾਲ ਮਿੱਟੀ ਅਤੇ ਬੀਜ ਨੂੰ ਸੋਧ ਕੇ ਬਿਜਾਈ ਕਰਨ ਅਤੇ ਖ਼ੇਤਾਂ ਅਤੇ ਖ਼ੇਤਾਂ ਦੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖ ਕੇ ਫ਼ਸਲ ਨੂੰ ਬਿਮਾਰੀ ਲੱਗਣ ਤੋਂ ਬਚਾਅ ਕੀਤਾ ਜਾ ਸਕਦਾ ਹੈ ਅਤੇ ਇਸ ਨਾਲ ਫ਼ਸਲ ਦੀ ਸਿਹਤ ਵੀ ਵਧੀਆ ਹੁੰਦੀ ਹੈ।

- **ਪੱਤਿਆਂ ਤੇ ਲੱਗਣ ਵਾਲੀਆਂ ਬਿਮਾਰੀਆਂ ਤੇ ਕ਼ਾਬੂ ਪਾਉਣਾ:** ਵਧੇਰੇ ਮੀਂਹ ਅਤੇ ਨਮੀ ਵਾਲੇ ਦਿਨਾਂ ਵਿੱਚ ਫ਼ਸਲ ਦੀ ਲਗਾਤਾਰ ਨਿਗਰਾਨੀ ਕਰੋ। ਜਦੋਂ ਮੌਸਮ ਬਿਮਾਰੀ ਲੱਗਣ ਅਤੇ ਵਧਣ-ਫੁੱਲਣ ਦੇ ਅਨੁਕੂਲ ਹੋਵੇ ਓਦੋਂ ਸਿਫ਼ਾਰਿਸ਼ ਕੀਤੀਆਂ ਉੱਲੀਨਾਸ਼ਕ ਜ਼ਹਿਰਾਂ ਦਾ ਸੰਤੁਲਿਤ ਛਿੜਕਾਅ ਕਰੋ।

**ਏਕੀਕ੍ਰਿਤ ਕੀੜੇ-ਮਕੌੜਿਆਂ ਦਾ ਪ੍ਰਬੰਧ:**

- **ਖ਼ੇਤਾਂ ਵਿੱਚ ਸਰਵੇਖ਼ਣ ਕਰੋ:** ਖ਼ੇਤਾਂ ਵਿੱਚ ਰਸ ਚੂਸਣ ਵਾਲੇ ਕੀੜਿਆਂ (ਜੂੰ, ਹਰੇ ਤੇਲੇ ਅਤੇ ਚਿੱਟੀ ਮੱਖੀ ਆਦਿ) ਅਤੇ ਸੁੰਡੀਆਂ ਦਾ ਹਫ਼ਤਾਵਾਰੀ ਸਰਵੇਖ਼ਣ ਕਰੋ।
- **ਟ੍ਰੈਪ ਲਗਾਓ ਅਤੇ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਕਰੋ:** ਫ਼ਸਲ ਦੇ ਸ਼ੁਰੂਆਤੀ ਦੌਰ ਵਿੱਚ ਸੁੰਡੀਆਂ ਦੇ ਭਮੱਕੜਾਂ ਦੀ ਨਿਗਰਾਨੀ ਲਈ ਫ਼ਿਰੋਮੋਨ ਟ੍ਰੈਪ ਲਗਾਓ, ਸੁੰਡੀਆਂ ਦੇ ਭਮੱਕੜਾਂ ਦੇ ਆਂਡੇ ਦੇਣ ਦੇ ਸਮੇਂ ਦਾ ਪਤਾ ਲਗਾਓ ਅਤੇ ਜੈਵਿਕ ਅਤੇ ਹੋਰ ਵਨਸਪਤੀ ਅਧਾਰਿਤ ਕੀਟਨਾਸ਼ਕਾਂ ਦਾ ਛਿੜਕਾਅ ਕਰੋ।

- **ਮਿੱਤਰ ਕੀੜਿਆਂ ਨੂੰ ਬਚਾਓ:** ਮਿੱਤਰ ਕੀੜਿਆਂ ਨੂੰ ਘੱਟ ਤੋਂ ਘੱਟ ਨੁਕਸਾਨ ਕਰਨ ਵਾਲੀਆਂ ਕੀਟਨਾਸ਼ਕਾਂ ਦਾ ਛਿੜਕਾਅ ਕਰੋ।
- **ਰਸਾਇਣਿਕ ਕੀਟਨਾਸ਼ਕ ਜ਼ਹਿਰਾਂ ਨੂੰ ਸੰਜਮ ਨਾਲ ਵਰਤੋ:** ਸਿਰਫ਼ ਸਿਫ਼ਾਰਿਸ਼ ਕੀਤੀਆਂ ਰਸਾਇਣਿਕ ਕੀਟਨਾਸ਼ਕ ਜ਼ਹਿਰਾਂ ਦੀ ਸਿਫ਼ਾਰਿਸ਼ ਕੀਤੀ ਮਾਤਰਾ ਦਾ ਕੀੜੇ ਦੇ ਆਰਥਿਕ ਪੱਧਰ ਤੋਂ ਵੱਧ ਹੋਣ ਤੇ ਹੀ ਛਿੜਕਾਅ ਕਰੋ।

**ਅ. ਖ਼ੇਤਰੀ ਸਲਾਹ:**

| ਪੰਜਾਬ | ਅਸਲ ਵਿੱਚ ਪਿਆ ਮੀਂਹ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | | | | ਮੀਂਹ ਦੀ ਭਵਿੱਖਬਾਣੀ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | |
|---|---|---|---|---|---|---|---|---|---|---|---|---|
| | ਜੂਨ | | | | | | | ਜੂਨ | | | | |
| | 17 | 18 | 19 | 20 | 21 | 22 | 23 | 24 | 25 | 26 | 27 | 28 |
|  | 0 | 0 | 0 | 0 | 0 | 4 | 0 | 0.2 | 0.8 | 1.6 | 1.6 | 0.6 |
| | 0 | 0 | 0 | 0 | 0 | 0.01 | 0 | 0.4 | 0.9 | 1.3 | 2.3 | 0.8 |
| | 0 | 0 | 0.2 | 0 | 0 | 0 | 0 | 0.5 | 0.5 | 1.6 | 1.7 | 0.7 |
| | 0 | 0 | 0 | 0 | 0 | 0 | 0.5 | 0.4 | 1.3 | 1.4 | 2.4 | 0.8 |
| | 0 | 0 | 0 | 0 | 0 | 3.2 | 0 | 0.2 | 1.9 | 1.5 | 2.5 | 0.6 |
| | 0 | 0 | 0 | 0 | 0 | 2.6 | 0 | 0 | 1.3 | 1.5 | 2.7 | 1.1 |
| ਮੀਂਹ ਦੀ ਮਾਤਰਾ ਅਤੇ ਰੰਗ ਕੋਡ | 0.1 to 2.4 ਮਿ. ਮੀ. | | 2.5 to 15.5 ਮਿ. ਮੀ. | | | 15.6 to 64.4 ਮਿ. ਮੀ. | | | 64.5 to 115.5 ਮਿ. ਮੀ. | | 115.6 to 204.4 ਮਿ. ਮੀ. | |
| ਮੀਂਹ ਦੀ ਕਿਸਮ | ਬਹੁਤ ਹਲਕਾ ਮੀਂਹ | | ਹਲਕਾ ਮੀਂਹ | | | ਮੱਧਮ ਦਰਜੇ ਦਾ ਮੀਂਹ | | | ਭਾਰਾ ਮੀਂਹ | | ਬਹੁਤ ਭਾਰਾ ਮੀਂਹ | |

**ਫ਼ਸਲ ਦੀ ਹਾਲਤ :**

ਬਠਿੰਡਾ ਵਿਖੇ ਫ਼ਸਲ **29** ਤੋਂ 49 ਦਿਨਾਂ ਦੀ ਹੋ ਗਈ ਹੈ ਅਤੇ ਫ਼ਸਲ ਬਨਸਪਤਿਕ ਵਾਧੇ ਤੇ ਹੈ ਅਤੇ ਫ਼ੁੱਲ ਆਉਣੇ ਸ਼ੁਰੂ ਹੋ ਗਏ ਹਨ। ਫ਼ਸਲ ਨੂੰ ਵਿਰਲਾ ਕਰਨ, ਗੁਡਾਈ ਅਤੇ ਨਦੀਨ ਕੱਟਣ ਦਾ ਕੰਮ ਜਾਰੀ ਹੈ। ਕੁੱਝ ਖ਼ੇਤਾਂ ਵਿੱਚ ਪਹਿਲੀ ਸਿੰਚਾਈ ਅਤੇ ਨਾਈਟ੍ਰੋਜਨ ਵਾਲੀਆਂ ਖਾਦਾਂ ਦੀ ਪਹਿਲੀ ਕਿਸ਼ਤ ਪਾਉਣ ਦਾ ਕੰਮ ਜਾਰੀ ਹੈ। ਚਿੱਟੀ ਮੱਖੀ ਦੀ ਮਿਕਦਾਰ 0-5 ਪ੍ਰਤੀ ਤਿੰਨ ਪੱਤੇ; ਹਰਾ ਤੇਲਾ 0-2 ਪ੍ਰਤੀ ਤਿੰਨ ਪੱਤੇ; ਜੂੰ ਦੀ ਮਿਕਦਾਰ 0-9 ਪ੍ਰਤੀ ਤਿੰਨ ਪੱਤੇ ਦੇਖੀ ਗਈ ਹੈ। ਖ਼ੇਤਾਂ ਵਿੱਚ ਮੋਥਾ, ਤਾਂਦਲਾ ਅਤੇ ਇੱਟਸਿਟ ਆਦਿ ਨਦੀਨ ਦੇਖੇ ਗਏ ਹਨ।

ਫ਼ਰੀਦਕੋਟ ਵਿਖੇ ਫ਼ਸਲ 37-47 ਦਿਨਾਂ ਹੋ ਗਈ ਹੈ ਅਤੇ ਬਨਸਪਤਿਕ ਵਾਧੇ ਤੇ ਹੈ। ਨਰਮੇ ਵਿੱਚ

| | | |
|---|---|---|
| | | ਟਰੈਕਟਰ ਨਾਲ਼ ਅਤੇ ਹੱਥਾਂ ਨਾਲ਼ ਗੋਡੀ ਕੀਤੀ ਗਈ ਹੈ। ਸਮੇਂ ਸਿਰ ਬੀਜੀ ਗਈ ਫ਼ਸਲ ਨੂੰ ਪਹਿਲਾ ਪਾਣੀ ਲਗਾ ਦਿੱਤਾ ਗਿਆ ਹੈ। ਕੁੱਝ 'ਕ ਥਾਵਾਂ ਤੇ ਪਹਿਲੀ ਸਿੰਚਾਈ ਕਰਨ ਤੋਂ ਬਾਅਦ ਇੱਟਸਿਟ ਅਤੇ ਤਾਂਦਲਾ ਵਰਗੇ ਨਦੀਨ ਉੱਗੇ ਆਏ ਹਨ, ਪਰ ਸਿਫਾਰਿਸ਼ ਕੀਤੇ ਤਰੀਕਿਆਂ ਨਾਲ਼ ਕ਼ਾਬੂ ਕਰ ਲਏ ਹਨ। ਕੁੱਝ ਥਾਵਾਂ ਤੇ ਅਗੇਤੀ ਬੀਜੀ ਫ਼ਸਲ ਤੇ ਜੂੰ ਆਰਥਿਕ ਪੱਧਰ ਤੋਂ ਵੱਧ ਦੇਖੀ ਗਈ ਹੈ। ਚਿੱਟੀ ਮੱਖੀ, ਹਰਾ ਤੇਲਾ ਅਤੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਘੱਟ ਸੀ।<br><br>**ਸਲਾਹ :-**<br>ਬਠਿੰਡਾ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਰਮੇਂ ਦੇ ਖ਼ੇਤਾਂ ਵਿੱਚ ਅਤੇ ਆਲੇ-ਦੁਆਲੇ ਨਦੀਨਾਂ ਦੀ ਰੋਕਥਾਮ ਕਰਨ। ਚਿੱਟੀ ਮੱਖੀ ਦੀ ਅਗੇਤੇ ਹਮਲੇ ਨੂੰ ਘੱਟ ਕਰਨ ਲਈ ਫ਼ਸਲ ਦੀਆਂ ਸ਼ੁਰੂਆਤੀ ਹਾਲਤਾਂ ਵਿੱਚ ਖ਼ੇਤਾਂ ਵਿੱਚ ਘੱਟ ਕ਼ੀਮਤ ਵਾਲੇ 40 ਪੀਲੇ ਚਿਪਚਿਪੇ ਕਾਰਡ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਾਓ। ਟੀਂਡੇ ਦੀਆਂ ਸੁੰਡੀਆਂ (ਚਿਤਕਬਰੀ ਅਤੇ ਅਮਰੀਕਣ ਸੁੰਡੀਆਂ) ਅਤੇ ਰਸ ਚੂਸਣ ਵਾਲੇ ਕੀੜਿਆਂ (ਹਰੇ ਤੇਲੇ ਅਤੇ ਚਿੱਟੀ ਮੱਖੀ) ਦੇ ਹਮਲੇ ਨੂੰ ਘੱਟ ਕਰਨ ਲਈ ਭਿੰਡੀ, ਮੂੰਗੀ ਅਤੇ ਅਰਹਰ ਆਦਿ ਫ਼ਸਲਾਂ ਨੂੰ ਨਰਮੇਂ-ਕਪਾਹ ਦੇ ਖ਼ੇਤਾਂ ਵਿੱਚ ਅਤੇ ਆਲੇ ਦੁਆਲੇ ਨਾ ਬੀਜੋ। ਜੇਕਰ ਨਰਮੇਂ ਦੇ ਖ਼ੇਤਾਂ ਵਿੱਚ ਚਿੱਟੀ ਮੱਖੀ ਦੇ ਬਾਲਗਾਂ ਦੀ ਸੰਖਿਆ 4-6 ਬਾਲਗ ਪ੍ਰਤੀ ਪੱਤਾ ਹੋਵੇ ਤਾਂ ਨਿੰਮ ਆਧਾਰਿਤ ਕੀਟਨਾਸ਼ਕ ਜਿਵੇਂ ਕਿ ਨਿੰਬੀਸਿਡਿਨ @ 1 ਲੀਟਰ ਪ੍ਰਤੀ ਏਕੜ ਜਾਂ ਘਰ ਦੇ ਬਣੇ ਨਿੰਮ ਦੇ ਘੋਲ ਦਾ 1200 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਅਗੇਤੀ ਬੀਜੀ ਫ਼ਸਲ (ਅਪ੍ਰੈਲ ਦੇ ਪਹਿਲੇ ਪੰਦਰਵਾੜੇ ਵਿੱਚ), ਛਟੀਆਂ ਦੇ ਢੇਰਾਂ ਦੇ ਨੇੜੇ ਜਾਂ ਵਲਾਈ ਮਿੱਲਾਂ ਦੇ ਨੇੜੇ ਬੀਜੀ ਫ਼ਸਲ ਤੇ ਜਦੋਂ ਹੀ 10-20 ਪ੍ਰਤਿਸ਼ਤ ਬੂਟਿਆਂ ਤੇ ਫ਼ੁੱਲ-ਡੋਡੀ ਨਜ਼ਰ ਆਵੇ ਤਾਂ ਉਦੋਂ ਹੀ ਗੁਲਾਬੀ ਸੁੰਡੀ ਨੂੰ ਕ਼ਾਬੂ ਕਰਨ ਲਈ ਸਿਫ਼ਾਰਿਸ਼ ਕੀਤੀਆਂ ਕੀੜੇਮਾਰ ਜ਼ਹਿਰਾਂ ਦਾ ਛਿੜਕਾਅ ਕਰੋ ਤਾਂ ਜੋ ਗੁਲਾਬੀ ਸੁੰਡੀ ਦੀ ਮਿਕਦਾਰ ਨਾ ਵਧ ਸਕੇ। ਗੁਲਾਬੀ ਸੁੰਡੀ ਦੀ ਨਿਗਰਾਨੀ ਲਈ ਖ਼ੇਤਾਂ ਵਿੱਚ ਘੱਟੋ-ਘੱਟ 2 ਫ਼ਿਰੋਮੋਨ ਟ੍ਰੈਪ ਪ੍ਰਤੀ ਏਕੜ ਲਗਾਓ। ਗੁਲਾਬੀ ਸੁੰਡੀ ਨੂੰ ਕ਼ਾਬੂ ਕਰਨ ਲਈ ਅਗਲੇ ਛਿੜਕਾਅ ਫ਼ੁੱਲਾਂ ਅਤੇ ਹਰੇ ਟੀਂਡਿਆਂ ਵਿੱਚ 5 ਪ੍ਰਤਿਸ਼ਤ ਨੁਕਸਾਨ ਤੇ ਹੀ ਕਰੋ। ਜੇਕਰ ਖ਼ੇਤ ਵਿੱਚ ਭੰਬੀਰੀ ਵਰਗੇ ਫ਼ੁੱਲ ਹੋਣ ਤਾਂ ਉਹਨਾ ਨੂੰ ਤੋੜ ਕੇ ਨਸ਼ਟ ਕਰ ਦਿਓ। ਫ਼ੁੱਲਾਂ ਤੇ ਆਈ ਫ਼ਸਲ ਦੀ ਨਿਗਰਾਨੀ ਕਰੋ ਅਤੇ ਜੇਕਰ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਪੱਧਰ (5%) ਤੋਂ ਵੱਧ ਹੋਵੇ ਤਾਂ ਇਮਾਮੇਕਟਿਨ ਬੇਨਜ਼ੋਏਟ 5 ਐਸ. ਜੀ. @ 100 ਗ੍ਰਾਮ ਪ੍ਰਤੀ ਏਕੜ ਜਾਂ ਸਪਿੰਟੋਰਾਮ 11.7 ਐਸ. ਸੀ. @ 170 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਪਹਿਲੇ ਪਾਣੀ ਤੋਂ ਬਾਅਦ ਫ਼ਸਲ ਵਿੱਚ ਪੈਰਾਵਿਲਟ ਦੀਆਂ ਮੁਢਲੀਆਂ ਨਿਸ਼ਾਨੀਆਂ ਦਾ ਨਿਰੀਖਣ ਕਰੋ ਅਤੇ ਇਸ ਦਿਆਂ ਮੁਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ, ਉਹਨਾਂ ਬੂਟਿਆਂ ਉੱਪਰ ਕੋਬਾਲਟ ਕਲੋਰਾਈਡ @1 ਗ੍ਰਾਮ ਪ੍ਰਤੀ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।<br><br>ਫ਼ਰੀਦਕੋਟ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਖ਼ੇਤ ਦੀ ਮਿੱਟੀ ਦੀ ਕਿਸਮ ਦੇ ਹਿਸਾਬ ਨਾਲ਼ ਜੂੰ ਨੂੰ ਕ਼ਾਬੂ ਕਰਨ ਲਈ ਫ਼ਸਲ ਬਿਜਾਈ ਦੇ 4-6 ਹਫ਼ਤੇ ਬਾਅਦ ਪਹਿਲਾ ਪਾਣੀ ਲਾਉਣ। ਪਹਿਲਾ ਪਾਣੀ ਲਾਉਣ ਤੋਂ ਬਾਅਦ ਫ਼ਸਲ ਨੂੰ ਵਿਰਲਾ ਕਰਨਾ ਅਤੇ ਖ਼ਾਲੀ ਥਾਂਵਾਂ ਨੂੰ ਭਰਨਾ ਚਾਹੀਦਾ ਹੈ। ਮਿੱਟੀ ਦੀ ਕਿਸਮ ਅਤੇ ਨਮੀ ਦੀ ਸਥਿਤੀ ਅਨੁਸਾਰ ਕੁੱਲ 120 ਕਿੱਲੋ ਯੂਰੀਆ ਪ੍ਰਤੀ ਏਕੜ ਨੂੰ 2-3 ਬਰਾਬਰ ਭਾਗਾਂ ਵਿੱਚ ਵੰਡ ਕੇ ਪਾਓ। ਨਦੀਨਾਂ ਦੀ ਰੋਕਥਾਮ ਲਈ ਫ਼ਸਲ ਨੂੰ ਪਹਿਲਾ ਪਾਣੀ ਲਾਉਣ ਤੋਂ |

| | | |
|---|---|---|
| | | ਬਾਅਦ ਤਰ ਵੱਤਰ ਤੇ ਪਾਈਰੀਥੀਓਬੈਕ ਸੋਡੀਅਮ 6 ਪ੍ਰਤੀਸ਼ਤ + ਕੁਇਜ਼ਲੋਫੋਪ ਈਥਾਈਲ 4 ਪ੍ਰਤੀਸ਼ਤ @ 1250 ਮਿਲੀਲੀਟਰ ਪ੍ਰਤੀ ਹੈਕਟਰ ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਬਦਲ ਦੇ ਤੌਰ ਤੇ ਉੱਗ ਰਹੇ ਨਦੀਨਾਂ ਨੂੰ ਕਾਬੂ ਕਰਨ ਲਈ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ / ਰੋਟਰੀ ਵੀਡਰ ਅਤੇ ਹੱਥਾਂ ਨਾਲ਼ ਗੋਡੀਆਂ ਕਰੋ। ਖ਼ਾਦ ਦੀ ਚੰਗੀ ਵਰਤੋਂ ਲਈ ਨਾਈਟ੍ਰੋਜਨ ਦੀ ਸਿਫਾਰਸ਼ੀ ਖ਼ੁਰਾਕ ਪਹਿਲੀ ਸਿੰਚਾਈ ਬਾਅਦ ਪਾਉਣ। ਸਿੰਚਾਈ ਤੋਂ ਪਹਿਲਾਂ ਨਾਈਟ੍ਰੋਜਨ ਖ਼ਾਦ (ਯੂਰੀਆ) ਦਾ ਛਿੱਟਾ ਮਾਰਨ ਤੋਂ ਗੁਰੇਜ਼ ਕਰੋ ਕਿਉਂਕਿ ਇਸ ਨਾਲ ਖ਼ਾਦ ਜ਼ਮੀਨ ਵਿੱਚ ਡੂੰਘਾ ਚਲਾ ਜਾਂਦਾ ਹੈ ਅਤੇ ਜਿਸ ਦੇ ਨਤੀਜੇ ਵਜੋਂ ਜ਼ਮੀਨੀ ਪਾਣੀ ਦੂਸ਼ਿਤ ਹੁੰਦਾ ਹੈ। ਜੇਕਰ ਖ਼ੇਤ ਵਿੱਚ ਜੂੰ ਦਾ ਹਮਲਾ ਹੋਵੇ ਤਾਂ ਫ਼ਸਲ ਨੂੰ ਪਤਲਾ ਪਾਣੀ ਲਾਓ। ਜੇਕਰ ਹਮਲਾ ਵਧਦਾ ਹੋਵੇ ਤਾਂ ਪ੍ਰੋਫੇਨੋਫੋਸ 50 ਈ. ਸੀ. @ 500 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਗੁਲਾਬੀ ਸੁੰਡੀ ਦੀ ਨਿਗਰਾਨੀ ਲਈ ਗੋਸੀਪਲੋਰ ਵਾਲੇ ਫ਼ਿਰੋਮੋਨ ਟ੍ਰੈਪ / ਡੇਲਟਾ ਟ੍ਰੈਪ ਦੀ ਵਰਤੋਂ ਕਰੋ ਅਤੇ ਟ੍ਰੈਪ ਬੂਟਿਆਂ ਤੋਂ 15 ਸੈਂਟੀਮੀਟਰ ਉੱਪਰ ਲਗਾਓ। ਲਿਓਰ ਨੂੰ 15 ਦਿਨਾਂ ਬਾਅਦ ਬਦਲੋ ਅਤੇ 5 ਟ੍ਰੈਪ ਪ੍ਰਤੀ ਹੈਕਟਰ ਦੇ ਹਿਸਾਬ ਨਾਲ ਵਰਤੋ। ਖ਼ੇਤਾਂ / ਨਹਿਰਾਂ ਆਦਿ ਦੇ ਆਲੇ-ਦੁਆਲੇ ਅਤੇ ਖ਼ਾਲੀ / ਬੰਜਰ ਖੇਤਰਾਂ ਨੂੰ ਕੰਘੀਬੂਟੀ ਅਤੇ ਪੀਲੀਬੂਟੀ ਵਰਗੇ ਨਦੀਨਾਂ ਤੋਂ ਮੁਕਤ ਰੱਖੋ, ਜਿਨ੍ਹਾਂ ਤੇ ਪੱਤਾ ਮਰੋੜ ਬਿਮਾਰੀ ਦੇ ਵਿਸ਼ਾਣੂ ਪਲਦੇ ਰਹਿੰਦੇ ਹਨ। |